# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 22 ਸਤੰਬਰ 2024 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਵੱਲੋਂ ਗਿਆਨ ਜਯੋਤੀ ਗਰ੍ਲਜ਼ ਕਾਲਜ ਸੰਗਤ ਵਿਖੇ ਲਗਾਏ ਗਏ ਪੌਦੇ

### -ਨੈਤਿਕ ਕਦਰਾਂ-ਕੀਮਤਾਂ ਸਬੰਧੀ ਸੈਮੀਨਾਰ ਵੀ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ,22 ਸਤੰਬਰ : ਦਬੇ ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਮਾਨਵਤਾ ਭਲਾਈ ਕਾਰਜਾਂ ਅਤੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਲੈ ਕੇ ਵੀ ਕਾਫੀ ਚਿੰਤਤ ਅਤੇ ਸੁਹਿਰਦ ਹੈ। ਪਿਛਲੇ ਲੰਬੇ ਸਮੇਂ ਤੋਂ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਪੰਚਾਇਤਘਰਾ ,ਪਾਰਕਾਂ, ਸਕੂਲਾਂ ਕਾਲਜਾਂ ਅਤੇ ਹੋਰ ਸਾਂਝੀਆਂ ਥਾਵਾਂ ਤੇ ਨਾ ਸਿਰਫ ਰੁੱਖ ਲਗਾ ਰਿਹਾ ਹੈ ਬਲਕਿ ਉਹਨਾਂ ਦੀ ਜਥਾ ਸੰਭਵ ਸੰਭਾਲ ਵੀ ਕਰਦਾ ਆ ਰਿਹਾ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ



ਅੱਜ ਸੰਗਤ-ਗੁਰਥੜੀ ਲਿੰਕ ਰੋਡ 'ਤੇ ਸਥਿਤ ਗਿਆਨ ਜਯੋਤੀ ਗਰ੍ਲਜ਼ ਕਾਲਜ ਸੰਗਤ (ਬਠਿੰਡਾ) ਵਿਖੇ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਵੱਲੋਂ ਪੌਦੇ ਲਗਾਏ ਗਏ ਅਤੇ ਨੈਤਿਕ ਕਦਰਾਂ-ਕੀਮਤਾਂ ਸਬੰਧੀ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਦੇ ਆਰੰਭ ਵਿਚ ਕੁਲਵਿੰਦਰ ਚਾਨੀ ਵੱਲੋਂ ਪਹੁੰਚੇ ਮਹਿਮਾਨਾਂ ਨੂੰ ਸਵਾਗਤੀ ਸ਼ਬਦ ਉਪਰੰਤ ਵਿਦਿਆਰਥੀਆਂ ਨਾਲ ਉਹਨਾਂ ਦੀ ਜਾਣ-ਪਹਿਚਾਣ ਕਰਵਾਈ ਗਈ।ਸੈਮੀਨਾਰ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰੈੱਸ ਕਲੱਬ ਦੇ ਸਰਪ੍ਰਸਤ ਅਤੇ ਉਘੇ ਲੇਖਕ ਜਸਕਰਨ ਸਿੰਘ ਸਿਵੀਆਂ ਵੱਲੋਂ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ -ਕੀਮਤਾਂ ਸਬੰਧੀ ਭਾਸ਼ਣ ਦਿੱਤਾ ਗਿਆ।ਭਾਸਣ ਤੋਂ ਉਪਰੰਤ ਕਲੱਬ ਮੈਂਬਰਾਂ ਵੱਲੋਂ ਪ੍ਰਿੰਸੀਪਲ ਰਮਨਦੀਪ ਕੌਰ ਦੀ ਮੌਜੂਦਗੀ ਵਿਚ ਕਾਲਜ ਕੈਂਪਸ ਵਿਖੇ ਕਲੱਬ ਮੈਂਬਰਾਂ, ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਸਾਹਿਤਕ ਅਤੇ ਸਭਿਆਚਾਰਕ ਕਾਲਜ ਸਮੂਹ ਵਾਰਿਸ ਸ਼ਾਹ, ਸ਼ਿਵ ਕੁਮਾਰ ਬਟਾਲਵੀ ,ਅੰਮ੍ਰਿਤਾ ਪ੍ਰੀਤਮ ਅਤੇ ਦਲੀਪ ਕੌਰ ਟਿਵਾਣਾ (ਸਾਰੇ ਵਿਭਾਗ)ਵੱਲੋਂ ਆਪਣੇ ਇੰਚਾਰਜਾਂ ਨਾਲ ਪੌਦੇ ਲਗਾਏ।ਅੰਤ ਧਰਮਵੀਰ ਸਿੰਘ ਚੱਠਾ ਨੇ ਆਏ ਮਹਿਮਾਨਾਂ ਦਾ ਕਾਲਜ ਦੇ ਪ੍ਰਿੰਸੀਪਲ ਅਤੇ ਚੇਅਰਮੈਨ ਅਮਿਤ ਗੁਪਤਾ ਵੱਲੋਂ ਧੰਨਵਾਦ ਕੀਤ ਅਤੇ ਪ੍ਰਿੰਸੀਪਲ ਰਮਨਦੀਪ ਕੌਰ ਵੱਲੋਂ ਕਲੱਬ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਕਲੱਬ ਮੈਂਬਰਾਂ ਨੇ ਵੀ ਇਸ ਸਹਿਯੋਗ ਲਈ ਸਮੂਬ ਕਾਲਜ ਸਟਾਫ਼ ਅਤੇ ਚੇਅਰਮੈਨ ਸਾਹਿਬ ਦਾ ਧੰਨਵਾਦ ਕੀਤਾ।ਇਸ ਸਮੁੱਚੇ ਸਮਾਗਮ ਨੂੰ ਸਿਰੇ ਚਾੜਨ ਲਈ ਧਰਮਵੀਰ ਸਿੰਘ ਚੱਠਾ ਅਤੇ ਮੈਡਮ ਅਮ੍ਰਿਤਪਾਲ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ।ਇਸ ਮੌਕੇ ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਜੀਤ ਚੌਹਾਨ, ਜਨਰਲ ਸਕੱਤਰ ਸੁਰਿੰਦਰਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਚਹਿਲ, ਖਜਾਨਚੀ ਰਾਜਦੀਪ ਜੋਸ਼ੀ ,ਕੁਲਦੀਪ ਸਿੰਘ ਦਿਉਣ ਆਦਿ ਤੋਂ ਇਲਾਵਾ ਕਾਲਜ ਸਟਾਫ਼ ਦੇ ਕਰਮਜੀਤ ਕੌਰ, ਜਸਵੀਰ ਕੌਰ, ਨੈਨਸੀ, ਮਨਦੀਪ ਕੌਰ ,ਹਰਪ੍ਰੀਤ ਕੌਰ, ਜਸਲੀਨ ਕੌਰ ,ਕੁਲਵੀਰ ਕੌਰ,ਅਮਨਦੀਪ ਕੌਰ ਅਤੇ ਮਨਦੀਪ ਸਿੰਘ ਹਾਜ਼ਿਰ ਸਨ।

## ਸ਼੍ਰੀ ਸ਼ਿਆਮ ਯੁਵਾ ਵੈਲਫੇਅਰ ਸੋਸਾਇਟੀ ਵੱਲੋਂ ਸ਼੍ਰੀ ਸ਼ਿਆਮ ਮੰਦਿਰ ਵਿੱਚ ਕਰਵਾਈ ਜਾ ਰਹੀ ਸ਼੍ਰੀਮਦ ਭਾਗਵਤ ਕਥਾ ਹੋਈ ਸ਼ੁਰੂ

### ਚਿੰਤਾ ਚਿਤਾ ਸਮਾਨ ਹੈ, ਮੁਰਦਾ ਚਿਤਾ ਵਿੱਚ ਸੜ ਜਾਂਦੇ ਹਨ, ਪਰ ਚਿੰਤਾ ਵਿੱਚ ਅਸੀਂ ਜਿਉਂਦੇ ਸੜ ਜਾਂਦੇ ਹਾਂ: ਕਥਾਵਾਚਕ ਪ੍ਰਾਚੀ ਦੇਵੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 22 ਸਤੰਬਰ : ਧਾਰਮਿਕ ਸੰਸਥਾ ਸ਼੍ਰੀ ਸ਼ਿਆਮ ਯੁਵਾ ਵੈਲਫੇਅਰ ਸੁਸਾਇਟੀ (ਰਜਿ.) ਵੱਲੋਂ ਕੋਟਕਪੂਰਾ ਦੇ ਸੁਰਗਾਪੁਰੀ ਮੁਹੱਲੇ ਵਿੱਚ ਸਥਿਤ ਸ਼੍ਰੀ ਸ਼ਿਆਮ ਮੰਦਿਰ ਦੇ ਵਿਹੜੇ ਵਿੱਚ ਸ਼੍ਰੀਮਦ ਭਾਗਵਤ ਕਥਾ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਅੰਤਰਰਾਸ਼ਟਰੀ ਕਥਾਵਾਚਕ ਪੂਜਯ ਪ੍ਰਾਚੀ ਦੇਵੀ ਵੱਲੋਂ ਸ਼੍ਰੀ ਮਦ ਭਾਗਵਤ ਕਥਾ ਦਾ ਗਾਇਨ ਕੀਤਾ ਜਾਵੇਗਾ।ਇਸ ਸਮੇਂ ਉਨ੍ਹਾਂ ਨੇ ਕਥਾ ਦੇ ਪਹਿਲੇ ਦਿਨ ਸੰਗਤਾਂ ਨੂੰ ਭਗਤੀ ਦਾ ਮਾਰਗ ਦੱਸਦੇ ਕਿਹਾ ਕਿ ਅਸੀਂ ਪ੍ਰਮਾਤਮਾ ਦਾ ਆਸ਼ੀਰਵਾਦ ਕਿਵੇਂ ਪ੍ਰਾਪਤ ਕਰ ਸਕਦੇ ਹਾਂ ਅਤੇ ਕਿੰਨੇ ਤਰੀਕਿਆਂ ਨਾਲ ਪ੍ਰਮਾਤਮਾ ਦੀ ਭਗਤੀ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਭਗਤੀ ਕੀਰਤਨ, ਪ੍ਰ




ਮਾਤਮਾ ਦੀ ਸੇਵਾ ਕਰਕੇ ਅਤੇ ਉਸ ਪ੍ਰਤੀ ਆਪਣਾ ਆਪ ਕੁਰਬਾਨ ਕਰਕੇ ਪ੍ਰਮਾਤਮਾ ਨੂੰ ਖੁਸ਼ ਕਰ ਸਕਦੇ ਹਾਂ। ਉਹਨਾਂ ਸ੍ਰੀ ਮਦ ਭਾਗਵਤ ਕਥਾ ਦੇ ਮਹੱਤਵ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਇਸ ਕਥਾ ਰਾਹੀਂ ਮਨੁੱਖ ਆਪਣੇ ਜੀਵਨ ਦੇ ਦੁੱਖਾਂ ਨੂੰ ਦੂਰ ਕਰ ਸਕਦਾ ਹੈ ਅਤੇ ਮਨੁੱਖ ਆਪਣੇ ਜੀਵਨ ਨੂੰ ਸੁੰਦਰ ਬਣਾ ਕੇ ਸ੍ਰੀ ਕ੍ਰਿਸ਼ਨ ਜੀ ਦੀ ਪ੍ਰਾਪਤੀ ਕਰ ਸਕਦਾ ਹੈ। ਉਨ੍ਹਾਂ ਨੇ ਬੜੇ ਸਰਲ ਸ਼ਬਦਾਂ ਵਿੱਚ ਸਮਝਾਇਆ ਕਿ ਪ੍ਰਮਾਤਮਾ ਦਾ ਰੂਪ ਸਚਿਦਾਨੰਦ ਹੈ ਭਾਵ ਸੱਚ, ਚੇਤਨਾ ਅਤੇ ਆਨੰਦ। ਇਸ ਸਮੇਂ ਸੁਸਾਇਟੀ ਦੇ ਪ੍ਰਧਾਨ ਸਚਿਨ ਸਿੰਗਲਾ ਨੇ ਦੱਸਿਆ ਕਿ ਕਥਾ ਸਥਾਨ 'ਤੇ ਮੁੱਖ ਜਜਮਾਨ ਦੇ ਰੂਪ ਵਿੱਚ ਸਾਧੂ ਰਾਮ ਸਿੰਗਲਾ ਅਤੇ ਰਾਜੇਸ਼ ਮੰਗਲ ਐਲਆਈਸੀ ਵੱਲੋ ਆਪਣੀਆਂ ਪਤਨੀਆਂ ਸਮੇਤ ਪੂਜਨ ਕੀਤਾ ਗਿਆ ਅਤੇ ਰੋਜ਼ਾਨਾ ਪੂਜਨ ਦੀ ਸੇਵਿ ਨਰੇਸ਼ ਬਾਂਸਲ ਲਾਹੌਰੀਆ ਅਤੇ ਰਤਨ ਗੋਇਲ ਬੱਲੀ ਵੱਲੋਂ ਕੀਤੀ ਗਈ। ਕਥਾ ਦੇ ਪਹਿਲੇ ਦਿਨ ਦੇ ਪ੍ਰਸ਼ਾਦ ਦੀ ਸੇਵਾ ਬਾਬਾ ਫਰੀਦ ਯੂਥ ਕਲੱਬ ਦੇ ਪ੍ਰਧਾਨ ਵਿਸ਼ਾਲ ਪਾਸ਼ੀ, ਲੱਕੀ ਸ਼ਰਮਾ ਅਤੇ ਐਡਵੋਕੇਟ ਚੇਤਨ ਸਹਿਗਲ ਵੱਲੋਂ ਕੀਤੀ ਗਈ ਅਤੇ ਪ੍ਰਸ਼ਾਦ ਦੀ ਸੇਵਾ ਕਰਨ ਵਾਲੇ ਕਲੱਬ ਮੈਂਬਰਾਂ ਅਤੇ ਐਡਵੋਕੇਟ ਚੇਤਨ ਸਹਿਗਲ ਨੂੰ ਸੁਸਾਇਟੀ ਦੀ ਤਰਫੋਂ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਕਥਾ ਦਾ ਸਮਾਂ ਹਰ ਰੋਜ਼ ਸ਼ਾਮ 4 ਤੋਂ 7 ਵਜੇ ਤੱਕ ਹੈ। ਇਸ ਸਮੇਂ ਸ਼੍ਰੀ ਸ਼ਿਆਮ ਮੰਦਰ ਪ੍ਰਬੰਧਕ ਕਮੇਟੀ ਪ੍ਰਧਾਨ ਮੋਹਨ ਲਾਲ ਬਾਂਸਲ, ਜਨਰਲ ਸਕੱਤਰ ਮਹੇਸ਼ ਗਰਗ, ਸ਼੍ਰੀ ਸ਼ਿਆਮ ਮਹਿਲਾ ਸਤਿਸੰਗ ਮੰਡਲ ਦੀ ਪ੍ਰਧਾਨ ਸਰੋਜ ਸ਼ਰਮਾ, ਮੰਦਿਰ ਪੁਜਾਰੀ ਪੰਡਿਤ ਰਾਮ ਹਰੀ ਸ਼ਰਮਾ ਅਤੇ ਮੋਹਨ ਸ਼ਿਆਮ ਸ਼ਰਮਾ, ਸ਼ਿਆਮ ਪ੍ਰੇਮੀ ਹਰੀਸ਼ਿਆਮ ਸਿੰਗਲਾ ਦੇ ਨਾਲ ਸੁਸਾਇਟੀ ਦੇ ਜਨਰਲ ਸਕੱਤਰ ਮੁਕੁਲ ਬਾਂਸਲ, ਖਜ਼ਾਨਚੀ ਕਰਨ ਸਿੰਗਲਾ, ਉਮੇਸ਼ ਧੀਰ ਚੇਅਰਮੈਨ, ਸਤੀਸ਼ ਸਿੰਗਲਾ ਵਾਈਸ ਚੇਅਰਮੈਨ, ਅਮਿਤ ਗੋਇਲ ਵਾਈਸ ਚੇਅਰਮੈਨ, ਐਡਵੋਕੇਟ ਰਾਜੇਸ਼ ਮਿੱਤਲ ਕਾਨੂੰਨੀ ਸਲਾਹਕਾਰ, ਨੀਰਜ ਏਰਨ ਸੰਯੁਕਤ ਸਕੱਤਰ ਦੇ ਨਾਲ ਮੈਂਬਰ ਨਿਖਿਲ ਬਾਂਸਲ, ਵਾਸੂ ਗੋਇਲ ਪ੍ਰਥਮ ਬਾਂਸਲ, ਸਾਹਿਲ ਸਿੰਗਲਾ, ਵਰੁਣ ਸਿੰਗਲਾ, ਸ਼ੁਭਮ ਗਰਗ, ਵਿਵੇਕ ਗਰਗ, ਪ੍ਰਿੰਸ ਬਾਂਸਲ, ਅੰਕੁਸ਼ ਕਾਮਰਾ, ਆਦਿਤਿਆ ਅਗਰਵਾਲ, ਅੰਕਿਤ ਸਿੰਗਲਾ, ਨੀਰਜ ਬਾਂਸਲ, ਸੁਰਿੰਦਰ ਪੋਸਟਮੈਨ, ਅੰਕੁਸ਼ ਗੋਇਲ, ਸੰਦੀਪ ਸਿੰਘ, ਰਾਹੁਲ, ਓਮ ਪ੍ਰਕਾਸ਼ ਗੋਇਲ ਮਾਨਵ ਗਰਗ, ਕੁਨਾਲ ਮਿੱਤਲ, ਮਨੋਜ ਗੋਇਲ, ਦਿਵਯਾਂਸ਼ੂ ਮਿੱਤਲ, ਸ਼ੁਭਮ ਗਰਗ, ਡਾ: ਰਾਜੂ ਅਰੋੜਾ, ਰਾਜੂ ਸਲੀਮ ਹਾਜ਼ਰ ਸਨ।

## ਬਾਬਾ ਸ਼ੇਖ ਫਰੀਦ ਆਗਮਨ ਪੁਰਬ-2024

### ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ ਫਰੀਦਕੋਟ ਵਿਖੇ ਕਰਵਾਇਆ ਗਿਆ ਡਰਾਮਾ ਫੈਸਟੀਵਲ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫ਼ਰੀਦਕੋਟ 22 ਸਤੰਬਰ : ਬਾਬਾ ਫ਼ਰੀਦ ਆਗਮਨ ਪੁਰਬ ਦੇ ਸਬੰਧ ਵਿਚ ਬੀਤੀ ਸ਼ਾਮ ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ ਫਰੀਦਕੋਟ ਵਿਖੇ ਡਰਾਮਾ ਫੈਸਟੀਵਲ ਕਰਵਾਇਆ ਗਿਆ । ਇਸ ਨਾਟਕ ਮੇਲੇ ਨੂੰ ਮਾਣਨ ਲਈ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਉਨ੍ਹਾਂ ਦੀ ਧਰਮਪਤਨੀ ਬੀਬਾ ਬੇਅੰਤ ਕੌਰ ਸੇਖੋਂ, ਐਸ਼.ਡੀ.ਐਮ-ਕਮ-ਚੇਅਰਮੈਨ ਸਾਹਿਤਕ ਮੇਲਾ ਕਮੇਟੀ ਮੈਡਮ ਵੀਰਪਾਲ ਕੌਰ, ਗੁਰਤੇਜ ਸਿੰਘ ਖੋਸਾ ਚੇਅਰਮੈਨ ਨਗਰ ਸੁਧਾਰ ਟਰੱਸਟ, ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ ਵਿਸ਼ੇਸ਼ ਤੌਰ ਤੇ ਹਾਜਰ ਸਨ।



ਡਰਾਮਾ ਫੈਸਟੀਵਲ ਦੀ ਸ਼ੁਰੂਆਤ ਵਿਚ ਪਹਿਲਾ ਨਾਟਕ ਬਲਵਿੰਦਰ ਬੁਲਟ ਦੀ ਟੀਮ ਵੱਲੋਂ 'ਮਿਰਜਾ' ਨਾਟਕ ਖੇਡਿਆ ਗਿਆ । ਇਸ ਨਾਟਕ ਦੇ ਰਾਹੀਂ ਉਨ੍ਹਾਂ ਨੇ ਸਾਂਝੀ ਖੇਤੀ ਕਰਨ, ਕਰਜਾ ਨਾ ਲੈਣ, ਕੀੜੇ ਮਾਰ ਦਵਾਈਆਂ ਅਤੇ ਖਾਦਾਂ ਦੀ ਬੇਲੋੜੀ ਵਰਤੋਂ ਨਾ ਕਰਨ, ਦਾ ਸੰਦੇਸ਼ ਬਾਖੂਬੀ ਦਿੱਤਾ। ਵੱਡੀ ਗਿਣਤੀ ਵਿਚ ਪਹੁੰਚੇ ਨਾਟਕ ਪ੍ਰੇਮੀਆਂ ਨੇ ਨਾਟਕ ਨੂੰ ਰੱਜਵਾਂ ਪਿਆਰ ਦਿੱਤਾ।

ਇਸ ਸ਼ਾਮ ਦਾ ਦੂਜਾ ਨਾਟਕ ਪੰਜਾਬ ਦੇ ਪ੍ਰਸਿੱਧ ਨਾਟਕਕਾਰ, ਅਦਾਕਾਰ ਅਤੇ ਕਮੇਡੀਅਨ ਗੁਰਚੇਤ ਚਿੱਤਰਕਾਰ ਵੱਲੋਂ ਪੰਜਾਬੀ ਨਾਟਕ 'ਟੈਨਸ਼ਨ ਫਰੀ' ਖੇਡਿਆ ਗਿਆ। ਇਸ ਨਾਟਕ ਵਿਚ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਪਰਿਵਾਰਾਂ ਦੇ ਦੁਖਾਂਤ ਨੂੰ ਬਹੁਤ ਸੁਝੱਜੇ ਢੰਗ ਨਾਲ ਪੇਸ਼ ਕੀਤਾ ਗਿਆ। ਨਾਟਕ ਰਾਹੀਂ ਪੰਜਾਬੀਆਂ ਨੂੰ ਪੰਜਾਬ ਵਿਚ ਰਹਿਣ ਵਾਸਤੇ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਸਮਝਣ ਅਤੇ ਮਾਤਾ-ਪਿਤਾ ਵੱਲੋਂ ਬੱਚਿਆਂ ਦੀ ਪਰਵਰਿਸ਼ ਚੰਗੇ ਢੰਗ ਨਾਲ ਕਰਨ ਦਾ ਸੰਦੇਸ਼ ਦਿੱਤਾ ਗਿਆ। ਇਸ ਨਾਟਕ ਨੂੰ ਫਰੀਦਕੋਟੀਆਂ ਨੇ ਰੱਜਕੇ ਮਾਣਿਆ। ਫਰੀਦਕੋਟ ਸੱਭਿਆਚਾਰਕ ਕਮੇਟੀ ਵੱਲੋਂ ਦੋਨਾਂ ਨਾਟਕ ਟੀਮਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਜਿਲ੍ਹਾ ਭਾਸ਼ਾ ਅਫਸਰ ਮਨਜੀਤ ਪੁਰੀ ਨੇ ਸਭ ਨੂੰ ਜੀ ਆਇਆਂ ਆਖਿਆ। ਮੰਚ ਸੰਚਾਲਨ ਦੀ ਜੁੰਮੇਵਾਰੀ ਜਸਬੀਰ ਸਿੰਘ ਜੱਸੀ ਵੱਲੋਂ ਨਿਭਾਈ ਗਈ।

ਇਸ ਮੌਕੇ ਅਰੁਣ ਸਿੰਗਲਾ ਸ਼ਹਿਰੀ ਪ੍ਰਧਾਨ ਆਮ ਆਦਮੀ ਕੋਟਕਪੂਰਾ, ਮਨਪ੍ਰੀਤ ਸਿੰਘ ਮਨੀ ਧਾਲੀਵਾਲ ਪੀਆਰਓ, ਡਾ. ਮਨਜੀਤ ਸਿੰਘ ਢਿੱਲੋ ਆਗੂ ਆਮ ਆਦਮੀ ਪਾਰਟੀ, ਰਜਿੰਦਰ ਦਾਸ ਰਿੰਕੂ ਆਮ ਆਦਮੀ ਪਾਰਟੀ, ਹਰਦਿੱਤ ਸਿੰਘ ਸੇਖੋਂ, ਅੰਗਰੇਜ ਸਿੰਘ ਸੇਖੋਂ, ਡਾ. ਬਿਕਰਮਜੀਤ ਕੌਰ ਸੇਖੋ, ਮਹੀਪਇੰਦਰ ਸਿੰਘ ਸੇਖੋਂ, ਸਟੇਟ ਅਵਾਰਡੀ ਜਸਵਿੰਦਰਪਾਲ ਸਿੰਘ ਮਿੰਟੀ, ਲੋਕ ਗਾਇਕ ਸੁਰਜੀਤ ਗਿੱਲ, ਪ੍ਰਿੰਸੀਪਲ ਸੁਰੇਸ਼ ਅਰੋੜਾ, ਪ੍ਰੋਫੈਸਰ ਅਜੀਤ ਸਿੰਘ ਬਾਜਵਾ, ਪ੍ਰੋਫੈਸਰ ਸੰਦੀਪ ਸਿੰਘ, ਪ੍ਰੋਫੈਸਰ ਬੀਰਇੰਦਰ ਸਿੰਘ ਸਰਾਂ, ਹਰਪਾਲ ਸਿੰਘ ਪਾਲੀ ਅਤੇ ਕੁਲਦੀਪ ਸਿੰਘ ਲੰਬੀ ਸਮੇਤ ਵੱਡੀ ਗਿਣਤੀ ਵਿਚ ਕਲਾ ਪ੍ਰੇਮੀ ਹਾਜਰ ਸਨ।

## ਮਾਸਟਰਾਂ ਤੋਂ ਪ੍ਰਮੋਟ ਹੋਏ ਲੈਕਚਰਾਰਾਂ ਲਈ ਸਾਰੇ ਖਾਲੀ ਸਟੇਸ਼ਨ ਵਿਖਾਉਣ ਦੀ ਮੰਗ

ਵਰਲਡ ਪੰਜਾਬੀ ਟਾਈਮਜ਼

ਜਗਰਾਉਂ 22 ਸਤੰਬਰ : ਮਾਸਟਰ ਕੇਡਰ ਤੋਂ ਲੈਕਚਰਾਰ ਪ੍ਰਮੋਟ ਹੋਏ ਹਲਕਾ ਜਗਰਾਉਂ ਦੇ ਸਮੂਹ ਅਧਿਆਪਕ ਸਾਹਿਬਾਨ ਦੀ ਮੀਟਿੰਗ ਹੋਈ। ਇਸ ਵਿੱਚ ਸਿੱਖਿਆ ਵਿਭਾਗ ਦੀ ਨਵੀਂ ਨੀਤੀ ਅਨੁਸਾਰ ਪੇਂਡੂ ਹਲਕੇ ਦੇ ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਪੋਸਟਾਂ ਸਟੇਸ਼ਨ ਚੋਣ ਸਮੇਂ ਸ਼ੋਅ ਨਾ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਵੱਖ ਵੱਖ ਸਕੂਲਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਆਰਟਸ ਵਿਸ਼ਿਆਂ ਦੀਆਂ ਲੈਕਚਰਾਰ ਪੋਸਟਾਂ ਸਕੂਲਾਂ ਵਿੱਚੋਂ ਗਾਇਬ ਕਰ ਦਿੱਤੀਆਂ ਗਈਆਂ ਹਨ ਅਤੇ ਵਿਭਾਗ ਸਟੇਸ਼ਨ ਚੋਣ ਸਮੇਂ ਉਹਨਾਂ ਅਸਾਮੀਆਂ ਨੂੰ



ਵਿਖਾ ਨਹੀਂ ਰਿਹਾ ਹੈ। ਇਸ ਨਾਲ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਦਾ ਬਹੁਤ ਵੱਡੇ ਪੱਧਰ ਤੇ ਨੁਕਸਾਨ ਹੋ ਰਿਹਾ ਹੈ । ਉਪਰੰਤ ਇਸ ਸਬੰਧੀ ਬੀਬੀ ਸਰਬਜੀਤ ਕੌਰ ਮਾਣੂਕੇ ਐਮਐਲਏ ਹਲਕਾ ਜਗਰਾਉਂ ਨਾਲ ਵਿਚਾਰ ਵਟਾਂਦਰਾ ਕਰਕੇ ਮੰਗ ਪੱਤਰ ਦਿੱਤਾ ਗਿਆ ਉਹਨਾਂ ਨੇ ਇਸ ਸਬੰਧੀ ਮਾਨਯੋਗ ਸਿੱਖਿਆ ਮੰਤਰੀ ਜੀ ਦੇ ਧਿਆਨ ਵਿੱਚ ਇਹ ਮਸਲਾ ਤੁਰੰਤ ਲਿਆਉਣ ਦਾ ਭਰੋਸਾ ਦਿੱਤਾ ਇਸ ਸਮੇਂ ਰਣਜੀਤ ਸਿੰਘ ਹਠੂਰ, ਮਨਜਿੰਦਰ ਸਿੰਘ ਖਾਲਸਾ, ਸਤਨਾਮ ਸਿੰਘ ਹਠੂਰ, ਪਰਮਜੀਤ ਸਿੰਘ ਦੁੱਗਲ, ਬੀਪੀਈਓ ਸੁਖਦੇਵ ਸਿੰਘ ਹਠੂਰ, ਪਰਮਿੰਦਰ ਸਿੰਘ, ਜਸਵੰਤ ਰਾਏ ,ਅਮਰਨਾਥ, ਅਮਰਜੀਤ ਸਿੰਘ ,ਅਤੇ ਹੋਰ ਬਹੁਤ ਸਾਰੇ ਅਧਿਆਪਕ ਆਗੂ ਸਾਮਲ ਸਨ।

## ਸਪੀਕਰ ਸੰਧਵਾਂ ਵੱਲੋਂ ਰਾਜਵੰਤ ਸਿੰਘ ਓਝਾ ਦੀ ਕਿਤਾਬ 'ਅਲਖ' ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼




ਫ਼ਰੀਦਕੋਟ , 22 ਸਤੰਬਰ : ਬਾਬਾ ਸ਼ੇਖ ਫ਼ਰੀਦ ਸਲਾਨਾ ਮੇਲੇ ਤੇ ਫ਼ਰੀਦਕੋਟ ਵਿਖੇ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਵੱਲੋਂ ਸਰਕਾਰੀ ਬਰਜਿੰਦਰਾ ਕਾਲਜ ਵਿਖੇ ਹੋਏ ਸਮਾਗਮ ਦੌਰਾਨ ਨੌਜਵਾਨ ਲੇਖਕ ਰਾਜਵੰਤ ਸਿੰਘ ਓਝਾ ਦੀ ਪਲੇਠੀ ਪੁਸਤਕ 'ਅਲਖ' ਲੋਕ ਅਰਪਣ ਕੀਤੀ।ਇਸ ਮੌਕੇ ਸਪੀਕਰ ਸੰਧਵਾਂ ਨੇ ਕਿਹਾ ਕਿ ਨੌਜਵਾਨਾਂ ਦਾ ਕਿਤਾਬਾਂ ਲਿਖਣ ਅਤੇ ਪੜ੍ਹਨ ਦਾ ਰੁਝਾਨ ਸਮਾਜ ਨੂੰ ਉੱਚਾ ਚੁੱਕਣ ਵਿੱਚ ਸਹਾਈ ਹੁੰਦਾ ਹੈ। ਉਹਨਾਂ ਰਾਮਪੁਰਾ ਫੂਲ ਨਿਵਾਸੀ ਬਾਰ੍ਹਵੀਂ ਜਮਾਤ ਵਿੱਚ ਪੜ੍ਹਦੇ ਰਾਜਵੰਤ ਸਿੰਘ ਓਝਾ ਨੂੰ ਛੋਟੀ ਉਮਰ ਵਿੱਚ ਵਧੀਆ ਕਿਤਾਬ ਲਿਖਣ ਲਈ ਵਧਾਈ ਦਿੱਤੀ। ਲੇਖਕ ਰਾਜਵੰਤ ਸਿੰਘ ਓਝਾ ਨੇ ਕਿਤਾਬ ਲਈ ਯੋਗਦਾਨ ਦੇਣ ਬਦਲੇ ਆਪਣੇ ਮਾਪਿਆਂ, ਦੋਸਤਾਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਕਿਤਾਬ ਰਿਲੀਜ਼ ਕਰਵਾਉਣ ਲਈ ਗੁਰਪ੍ਰੀਤ ਸਿੱਧੂ ਲਹਿਰਾ ਧੂਰਕੋਟ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ! ਕਿਤਾਬ ਛਪਵਾਉਣ ਲਈ ਗੁਰਵਿੰਦਰ ਸਿੰਘ ਸਿੱਧੂ ਸਲਾਹਕਾਰ ਪੰਜਾਬ ਭਵਨ ਕਨੇਡਾ ਦਾ ਧੰਨਵਾਦ ਕੀਤਾ,ਉਨ੍ਹਾਂ ਕਿਹਾ ਕਿ ਉਹ ਵਧੀਆ ਸਾਹਿਤ ਲਿਖਦੇ ਰਹਿਣਗੇ। ਇਸ ਮੌਕੇ ਲੇਖਕ ਦੇ ਪਿਤਾ ਹਰਪ੍ਰੀਤ ਸਿੰਘ ਵੀ ਹਾਜ਼ਰ ਸਨ।ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ਸਿੱਧੂ, ਗੁਰਵਿੰਦਰ ਸਿੰਘ ਸਿੱਧੂ,ਪਰਮਿੰਦਰ ਸਿੰਘ ਸਿੱਧੂ, ਬਘੇਲ ਸਿੰਘ, ਜਸਵਿੰਦਰ ਪੰਜਾਬੀ, ਭੁਪਿੰਦਰ ਸਿੰਘ ਸਮੇਤ ਕਈ ਮੁਹਤਬਰ ਸ਼ਖ਼ਸੀਅਤਾਂ ਹਾਜ਼ਰ ਸਨ।

## ਸ਼ਬਦ"""*




ਸ਼ਬਦ ਪਵਿੱਤਰ ਸ਼ਬਦ ਪੁਨੀਤ

ਸ਼ਬਦ ਵਿਚ ਬੈਠਾ ਮਨ ਦਾ ਮੀਤ

ਸ਼ਬਦ ਸਾਈਂ ਦਾ ਕਹਿਰ ਮਿਟਾਵੈ।

ਸ਼ਬਦ ਹੀ ਸਮਿਆਂ ਦਾ ਬੰਨ੍ਹ ਪਾਵੈ।

ਸ਼ਬਦ ਮੰਦਰ ਮਸਜਿਦ ਜਾਵੈ

ਗੁਰੂਆਂ ਦੀ ਪਹਿਚਾਣ ਕਰਾਵੈ

ਸਬਦ ਹੈ ਪਾਪੀ ਤਰੇ

ਸ਼ਬਦ ਮੰਤਰ ਹੈ ਪਾਪੀ ਮਾਰੇ

ਸ਼ਬਦ ਝੂਠ ਦੀ ਗੰਢ ਖੁਲਾਵੈ

ਸਬਦ ਸੱਚ ਦਾ ਕੱਤਲ ਕਰਾਵੇ।

ਸ਼ਬਦ ਇਨਕਲਾਬ ਦਾ ਰਾਹ ਪਿਆ ਦੱਸੇ।

ਸ਼ਬਦ ਲਗਾਮ ਘੋੜੇ ਦੀ ਕੱਸੇ

ਸ਼ਬਦ ਸ਼ਹਾਦਤ ਸ਼ਬਦ ਅਰੋਗ

ਸ਼ਬਦ ਨਾ ਵਿਆਪੇ ਦੀਰਘ ਰੋਗ

ਸ਼ਬਦ ਆਪਣੀ ਪਹਿਚਾਣ ਬਣਾਵੇ।

ਸ਼ਬਦ ਦੁਨੀਆਂ ਨੂੰ ਸਮੇਟ ਨਾ ਪਾਵੇ।

ਸ਼ਬਦ ਹੀ ਅਣਖੀ ਕੌਮ ਬਣਾਵੇ।

ਸਬਦ ਦੇਸ਼ ਦੀਆਂ ਸੀਮਾਵਾਂ ਲੰਘੇ

ਸ਼ਬਦ ਦੇਸ਼ ਦੀਆਂ ਹੱਦਾਂ ਬੰਨ੍ਹੇ

ਸ਼ਬਦ ਹੈ ਸੁਰਤ ਸ਼ਬਦ ਹੈ ਨਾਦ

ਸ਼ਬਦ ਵਿਚ ਵਸਦਾ ਕੁਦਰਤ ਰਾਗ।

ਸ਼ਬਦ ਹੈ ਚਰਚਾ ਸ਼ਬਦ ਹੈ ਮੋਹ।

ਸ਼ਬਦ ਹੈ ਸੰਜਮ ਸ਼ਬਦ ਹੈ ਰੋਹ

ਸਬਦ ਮਿਟਾਵੈ ਸਭ ਰੋਗ

ਹਰ ਇਲਮ ਦਾ ਬਣੇ ਵਿਯੋਗ

ਸ਼ਬਦ ਸਾਰ ਹੈ ਸ਼ਬਦ ਮਿਲਾਪ

ਸ਼ਬਦ ਬਿਨਾਂ ਸਭ ਦੁਨੀਆਂ ਰਾਖ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਕੂੜ ਨਿਖੁਟੇ ਨਾਨਕਾ...




ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

ਚੜ੍ਹੀ 'ਪਾਪ ਕੀ ਜੰਞ' ਵੇਖ ਕੇ ਜਾਵੀਂ ਨਾ ਘਬਰਾਅ।
ਜੇਰਾ ਰੱਖੀਂ ਬਹੁਤ ਆਉਣਗੇ ਅਜੇ ਉਤਾਰ-ਚੜ੍ਹਾਅ।

ਚੇਤੇ ਰੱਖੀਂ ਜਦ ਕਿਧਰੇ ਵੀ ਬਦੀ ਤੇ ਨੇਕੀ ਅੜੀਆਂ।
ਮਹਿਲ-ਮੁਨਾਰੇ ਬੇਈਮਾਨਾਂ ਦੇ ਢਾਹੁੰਦੀਆਂ ਕੱਚੀਆਂ ਗੜ੍ਹੀਆਂ।

ਜਦੋਂ ਮਾਰਦਾ ਸੱਚ ਨਾਗਣੀ, ਹਾਥੀ ਡਿੱਗਣ ਭੁੰਜੇ।
ਵਿੱਚ ਹਵਾ ਦੇ ਬਾਜੀਆਂ ਪਾਉਂਦੇ, ਝੂਠ ਨੂੰ ਲਾਉਂਦਾ ਖੁੰਜੇ।

ਜਦੋਂ ਕਿਤੇ ਵੀ ਚੰਗਿਆਈ 'ਤੇ ਹਾਵੀ ਹੋਇਆ ਮੰਦਾ।
ਨਾਲ 'ਇੱਟ ਦੇ ਇੱਟ ਖੜਕਾਉਂਦਾ' ਕੋਈ ਬਹਾਦਰ ਬੰਦਾ।

ਪਿੰਡ ਘੜਾਮੇਂ ਵਾਲ਼ਿਆ ਆਪੇ ਹੋਵੇ ਸਭ ਸਹੀ।
'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥'

## ਸੱਚ ਦਾ ਸੂਰਜ



*ਮੈਂ ਚੌਧਰ ਦੇ ਭੁੱਖਿਆਂ ਤੋਂ
ਇਨਕਲਾਬ ਦੀ ਆਸ ਨਹੀਂ ਰੱਖਦਾ,
ਕਿਉਂਕਿ ਉਹਨਾਂ ਵੇਚ ਦਿੱਤਾ ਹੈ
ਆਪਣਾ ਜ਼ਮੀਰ,
ਚੰਦ ਸਿੱਕਿਆਂ ਦੀ ਖਾਤਿਰ,
ਲਾਹਣਤ ਭੇਜਦਾ ਹਾਂ,
ਉਨ੍ਹਾਂ ਬਹਰੂਪੀਆਂ ਨੂੰ,
ਜੋ ਇਨਕਲਾਬ ਦੇ ਨਾਂ ਤੇ
ਆਪਣਾ ਤੋਰੀ ਫੁਲਕਾ ਚਲਾਉਂਦੇ ਨੇ,
ਉਹ ਆਪਣੇ ਦੋਗਲੇ ਕਿਰਦਾਰ ਨੂੰ
ਝੂਠ ਦੀ ਚਾਸ਼ਨੀ ਚ
ਲਬੇੜ ਕੇ ਲੰਮਾ ਸਮਾਂ
ਮਹਿਫੂਜ਼ ਨਹੀਂ ਰਹਿ ਸਕਣਗੇ,
ਕਿਉਂਕਿ ਇਨਕਲਾਬ ਤਾਂ
ਕਿਰਤੀ ਲੋਕਾਂ ਦੀ ਮੁਕਤੀ
ਦਾ ਮਾਰਗ ਹੈ,
ਤੇ ਇਕ ਨਾਂ ਇੱਕ ਦਿਨ
ਚੇਤਨ ਹੋਏ ਲੋਕ,
ਓਸ ਖ਼ਾਬ ਨੂੰ
ਨੇਪਰੇ ਚਾੜ੍ਹ ਹੀ ਲੈਣਗੇ,
ਉਹ ਪਛਾਣ ਕਰ ਲੈਣਗੇ,
ਹੌਲੀ-ਹੌਲੀ ਓਹਨਾਂ ਦੀਆਂ
ਲਹਿਰਾਂ ਨਾਲ ਗਦਾਰੀ
ਕਰਨ ਵਾਲਿਆਂ ਨੂੰ,,
ਨੰਗਾ ਕਰ ਦੇਣਗੇ
ਲੋਕਾਂ ਦੀ ਕਚਹਿਰੀ ਚ,
ਥੁੱਕ ਕੇ ਚੱਟਣ ਵਾਲਿਆਂ ਨੂੰ,
ਕਿਉਂਕਿ ਝੂਠ ਦੀਆਂ
ਮੋਟੀਆਂ ਪਰਤਾਂ ਵੀ,
ਸੱਚ ਦੇ ਸੂਰਜ ਨੂੰ
ਚੜ੍ਹਨ ਤੋਂ ਰੋਕ ਨਹੀਂ ਸਕਣਗੀਆਂ...

ਵਰਲਡ ਪੰਜਾਬੀ ਟਾਈਮਜ਼
ਪਰਮਜੀਤ ਲਾਲੀ

## ਘਣਛਾਂਵਾਂ ਬੂਟਾ

ਅੱਖੀਉਂ ਤੇਰੇ ਜਦ ਡਿੱਗਣੇਂ ਅੱਥਰੂ
ਤੈਨੂੰ ਕਿਸੇ ਨੇਂ ਰੋਂਦੇ ਨੂੰ ਚੁੱਪ ਕਰਾਉਣਾਂ ਨੀਂ
ਕੱਲਾ ਬਹਿਕੇ ਰੋ ਲਈਂ ਜਿਨਾਂ ਮਰਜ਼ੀ ਤੂੰ
ਤੈਨੂੰ ਕਿਸੇ ਨੇਂ ਗਲ ਨਾਲ ਲਾਉਣਾਂ ਨੀਂ
ਮਾਂ ਵਰਗਾ ਘਣਛਾਂਵਾਂ ਬੂਟਾ ਤੈਨੂੰ
ਧਰਤੀ ਤੇ ਕਿਤੇ ਥਿਆਉਣਾਂ ਨੀਂ

ਮਾਂ ਤੋਂ ਬਿਨਾਂ ਸੱਜਣਾਂ ਔਖੇ ਵੇਲੇ
ਤੇਰੇ ਕੰਮ ਕਿਸੇ ਨੇਂ ਆਉਣਾਂ ਨੀਂ
ਤੂੰ ਭਾਂਵੇਂ ਮਾਂ ਨੂੰ ਕਦੇ ਦੁਰਕਾਰ ਦੇਵੀਂ
ਪਰ ਮਾਂ ਨੇਂ ਤੈਨੂੰ ਦਿਲੋਂ ਭਲਾਉਣਾਂ ਨੀਂ
ਮਾਂ ਵਰਗਾ ਘਣਛਾਵਾਂ ਬੂਟਾ ਤੈਨੂੰ
ਧਰਤੀ ਤੇ ਕਿਤੇ ਥਿਆਉਣਾਂ ਨੀਂ

ਮਾਂ ਹਰ ਥਾਂ ਤੇ ਤੇਰੇ ਨਾਲ ਖੜ੍ਹੂਗੀ
ਉਸ ਥਾਂ ਤੇ ਕਿਸੇ ਨੇ ਹੋਰ ਖੜ੍ਹੋਣਾਂ ਨੀਂ
ਰਿਸ਼ਤੇਦਾਰਾਂ ਨੂੰ ਤੂੰ ਭਾਂਵੇਂ ਪਰਖ ਲਵੀਂ
ਮਾਂ ਵਰਗਾ ਕਿਸੇ ਨੇ ਲਾਡ ਲਡਾਉਣਾਂ ਨੀਂ
ਮਾਂ ਵਰਗਾ ਘਣਛਾਂਵਾਂ ਬੂਟਾ ਤੈਨੂੰ
ਧਰਤੀ ਤੇ ਕਿਤੇ ਥਿਆਉਣਾਂ ਨੀਂ

ਸਿੱਧੂ, ਦੁਨੀਆਂ ਤੋਂ ਤੈਨੂੰ ਦਰਦ ਮਿਲਣਗੇ
ਮਾਂ ਬਾਝੋਂ ਮੱਲ੍ਹਮ ਕਿਸੇ ਨੇ ਲਾਉਣਾਂ ਨੀਂ
ਮਾਂ ਵਰਗਾ ਕਦੇ ਕਿਸੇ ਨੇ,ਮੀਤੇ,
ਗਿਆਨ ਦਾ ਦੀਪ ਜਗਾਉਣਾਂ ਨੀਂ
ਮਾਂ ਵਰਗਾ ਘਣਛਾਂਵਾਂ ਬੂਟਾ ਤੈਨੂੰ
ਧਰਤੀ ਤੇ ਕਿਤੇ ਥਿਆਉਣਾਂ ਨੀਂ




ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ


## ਕਿਰਦਾਰ

ਉੱਚਾ ਰੱਖ ਕਿਰਦਾਰ ਵੇ ਸੱਜਣਾ!
ਨਾ ਬਣ ਦੁਨੀਆ 'ਤੇ ਭਾਰ ਵੇ ਸੱਜਣਾ!
ਬਦਲਣਾ ਹੈ ਤਾਂ ਖੁਦ ਨੂੰ ਬਦਲ,
ਛੱਡ ਵਾਧੂ ਜੰਜਾਲ ਵੇ ਸੱਜਣਾ!

ਦੋਸ਼ ਹੋਰਾਂ 'ਤੇ ਲਾਉਣਾ ਸੌਖਾ,
ਖੁਦ ਨੂੰ ਪਹਿਲਾਂ ਸੁਧਾਰ ਵੇ ਸੱਜਣਾ!
ਅੱਖ ਝਪਕਦਿਆਂ ਦੁਨੀਆਂ ਬਦਲੇ,
ਕਾਹਦਾ ਕਰਦਾ ਮਾਣ ਵੇ ਸੱਜਣਾ!

ਕਈ ਉੱਚੇ ਉੱਚੇ ਅਹੁਦਿਆਂ ਵਾਲੇ,
ਖੁਦ 'ਤੇ ਕਰਦੇ ਬੜਾ ਮਾਣ ਵੇ ਸੱਜਣਾ!
ਡਿੱਗੇ ਕਿਰਦਾਰੋਂ... ਐਸੇ ਵੇਖੇ,
ਬਣੇ ਧਰਤੀ 'ਤੇ ਭਾਰ ਵੇ ਸੱਜਣਾ!

ਸ਼ਾਨ ਨਾਲ ਜੇ ਜੀਣਾ ਚਾਹੁੰਦਾ,
ਅੰਦਰ ਝਾਤੀ ਮਾਰ ਵੇ ਸੱਜਣਾ!
ਆਪਣਿਆ ਤੇਰੇ ਐਬ ਨੇ ਲੱਭਣੇ,
ਡਿੱਗੀ ਨਾ ਕਦੇ ਕਿਰਦਾਰ ਤੋਂ ਸੱਜਣਾ!




ਵਰਲਡ ਪੰਜਾਬੀ ਟਾਈਮਜ਼
ਪਰਵੀਨ ਕੌਰ ਸਿੱਧੂ

## ,,,,,,ਚਿੜੀ ਤੇ ਚਿੜਾ,,,,,,,



ਬਣਾਉਟੀ ਆਲ੍ਹਣੇ ਲਟਕਦੇ
ਨਾਲ ਕੰਧਾਂ,
ਕਈਆਂ ਛੱਤੀਂ ਦਿੱਤੇ ਲਮਕਾ
ਬਾਬਾ।
ਉੱਡੀਕਦੇ ਪੰਛੀਆਂ ਨੂੰ ਵਿੱਚ ਆ
ਬੈਠਣ,
ਅਸਲੀ ਘਰ ਦਿੱਤੇ ਇਹਨਾਂ ਢਾਹ
ਬਾਬਾ।
ਇੱਕ ਦਿਨ ਚਿੜਾ ਆਖਦਾ ਚਿੜੀ
ਨੂੰ ਭਾਗਵਾਨੇ,
ਆਲ੍ਹਣਾ ਨਵਾਂ ਆਪਾਂ ਨੂੰ ਦਿੱਤਾ
ਬਣਾ ਬਾਬਾ।
ਮਹਿਲ ਵਾਂਗ ਸ਼ੰਗਾਰ ਕੇ ਰੱਖ
ਦਿੱਤਾ,
ਥੱਲੇ ਖਾਣਾ ਵੀ ਦਿੱਤਾ ਖਿੰਡਾਂ
ਬਾਬਾ।
ਮੌਜ ਕਰਾਂਗੇ ਆਪਾਂ ਵਿੱਚ ਬਹਿ
ਕੇ,
ਦਿੱਤਾ ਕਾਵਾਂ ਤੋਂ ਸਾਨੂੰ ਬਚਾ
ਬਾਬਾ।
ਚਿੜੀ ਆਖਦੀ ਚਿੜਿਆਂ ਗੱਲ
ਸੁਣ ਲੈ,
ਐਵੇਂ ਬਹੁਤੀ ਨਾ ਖੁਸ਼ੀ ਮਨਾ
ਬਾਬਾ।
ਵਿਹਲਿਆ ਖਾਣ ਜੇ ਆਪਾਂ
ਗਿੱਝ ਚੱਲੇ,
ਜਾਵਾਂਗੇ ਉੱਡਣਾ ਭੁੱਲ ਭੁਲਾ
ਬਾਬਾ।
ਸਾਨੂੰ ਇਹਨਾਂ ਘਰਾਂ ਦੀ ਲੋੜ
ਨਾਹੀਂ,
ਇਹ ਬਸ ਰੁੱਖਾਂ ਨੂੰ ਲੈਣ ਬਚਾ
ਬਾਬਾ।
ਚੋਗਾ ਚੁਗਾਗੇ ਬਣਾਵਾਂਗੇ ਘਰ
ਆਪਾਂ,
ਜਿੱਥੇ ਮਰਜ਼ੀ ਬੈਠਾਂਗੇ ਜਾ
ਬਾਬਾ।
ਹੱਥੀਂ ਕਿਰਤ ਕਰਨੀ ਚਿੜਿਆਂ
ਹੁੰਦੀ ਚੰਗੀ,
ਪੱਤੋ, ਰੋਗ ਚੁੰਬੜਦੇ ਹਰਾਮ ਦਾ
ਖਾ ਬਾਬਾ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਸੱਚਾ ਅਤੇ ਸੁੱਚਾ ਲੇਖਕ ਤੇ ਸ਼ਾਇਰ ਮਹਿੰਦਰ ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ




ਮਹਿੰਦਰ ਸੂਦ ਵਿਰਕ ਜੀ ਹੋਰਾਂ ਨਾਲ ਮੇਰਾ ਤਾਅਲਕ ਭਾਵੇਂ ਕੁਝ ਸਮੇਂ ਤੋਂ ਹੀ ਬਣਿਆ ਏ ਪਰ ਮੈਨੂੰ ਇੰਜ ਲਗਦਾ ਏ ਪਈ ਉਹਨਾਂ ਨਾਲ ਮੇਰੀ ਜਾਣ ਪਛਾਨ ਕਈ ਵਰਿਆਂ ਤੋਂ ਹੋਵੇਗੀ। ਕਿਉਂ ਜੇ ਉਹ ਮੈਨੂੰ ਅਪਣੇ ਜੇਸਾ ਬਿਲਕੁਲ ਅਪਣੇ ਵਰਗਾ ਹੀ ਲਗਾ, ਮਨ ਦਾ ਸੱਚਾ ਤੇ ਇੱਕ ਬਹੁਤ ਈ ਸੁੱਚਾ ਹੀਰਾ ਲੇਖਕ ਤੇ ਸ਼ਾਇਰ।
ਮਹਿੰਦਰ ਸੂਦ ਜੀ ਹੋਰੀ ਲਹਿੰਦੇ ਤੇ ਖ਼ਾਸ ਤੋਰ ਤੇ ਚੜ੍ਹਦੇ ਪੰਜਾਬ ਦੀ ਬੜੀ ਵੱਡੀ ਅਦਬੀ ਸ਼ਖ਼ਸੀਅਤ ਨੇਂ ਜਿਨ੍ਹਾਂ ਦੀਆਂ ਪਿਆਰੀਆਂ ਤੇ ਬਾਕਮਾਲ ਨਜ਼ਮਾਂ ਗੀਤ ਤੇ ਰਚਨਾਵਾਂ ਲਹਿੰਦੇ ਪੰਜਾਬ ਤੇ ਚੜ੍ਹਦੇ ਪੰਜਾਬ ਦੇ ਸਾਰੇ ਈ ਅਦਬੀ ਮੈਗਜ਼ੀਨਾਂ ਵਿੱਚ ਬੜੇ ਈ ਮਾਨ ਸਨਮਾਨ ਨਾਲ ਛਾਪਿਆ ਜਾਂਦਾ ਏ।
ਪਿਆਰੇ ਵੀਰ ਮਹਿੰਦਰ ਸੂਦ ਜੀ ਹੁਣਾਂ ਨੂੰ ਦੇਸ਼ ਵਿਦੇਸ਼ ਦੀਆਂ ਬਹੁਤ ਸਾਰੀਆਂ ਈਲਮੀ ਅਦਬੀ ਤੰਜ਼ੀਮਾਂ ਨੇ ਉਹਨਾਂ ਨੂੰ ਉਹਨਾਂ ਦੀਆਂ ਸੋਹਣੀਆਂ ਰਚਨਾਵਾਂ ਅਤੇ ਗੀਤਾਂ ਲਈ ਬਹੁਤ ਸਾਰੇ ਅਵਾਰਡਜ਼ ਦਿੱਤੇ ਹੋਏ ਨੇ। ਜਿਹੜਾ ਉਹਨਾਂ ਦੇ ਸੱਚੇ ਤੇ ਸੁੱਚੇ ਲੇਖਕ ਤੇ ਬਾਕਮਾਲ ਕਲਮ ਹੋਣ ਦਾ ਪੱਕਾ ਸਬੂਤ ਨੇ। ਉਹ ਇੱਕ ਸੱਚਾ ਤੇ ਸਾਫ਼ ਦਿਲ ਦਾ ਇਨਸਾਨ ਏ ਜਿਹੜਾ ਮਜ਼ਲੂਮ ਲੋਕਾਂ ਦਾ ਦਰਦ ਆਪਣੀਆਂ ਰਚਨਾਵਾਂ ਵਿੱਚ ਲਿਖਦਾ ਏ। ਉਹ ਦੁਨੀਆਂ ਵਿੱਚ ਇਲਿਮ ਤੇ ਕਿਤਾਬਾਂ ਨਾਲ ਰੋਸ਼ਨੀ ਲਿਆਉਣਾ ਚਾਹੰਦਾ ਏ। ਤੇ ਲੋਕਾਈ ਦੇ ਦਰਦ ਵੰਡਾਵਣਾ ਚਾਹੰਦਾ ਏ। ਉਹ ਜੋ ਕੁਝ ਆਲ ਦਵਾਲੇ ਤਕਦਾ ਏ ਉਸ ਨੂੰ ਆਵਦੀਆਂ ਰਚਨਾਵਾਂ ਵਿੱਚ ਬੜੇ ਸੋਹਣੇ ਸ਼ਬਦਾਂ ਨਾਲ ਮੋਤੀਆਂ ਵਾਂਗ ਪਰੋ ਦੇਂਦਾ ਏ ਅਤੇ ਉਸ ਦੀ ਇਹਿ ਖੂਬੀ ਪੜ੍ਹਨ ਵਾਲਿਆਂ ਨੂੰ ਆਨੰਦ ਦੇਂਦੀ ਏ।

ਸੂਦ ਵਿਰਕ ਦੀਆਂ ਬਹੁਤ ਸਾਰੀਆਂ ਨਜ਼ਮਾਂ ਚੜ੍ਹਦੇ ਪੰਜਾਬ ਦੇ ਨਾਲ ਨਾਲ ਲਹਿੰਦੇ ਪੰਜਾਬ ਦੇ ਅਖ਼ਬਾਰਾਂ ਤੇ ਮੈਗਜ਼ੀਨਾਂ ਵਿੱਚ ਵੀ ਸੋਹਣੇ ਢੰਗ ਨਾਲ ਛਪਦੀਆਂ ਰਹਿਣਦੀਆਂ ਨੇਂ। ਮੈਂ ਸਲੀਮ ਆਫ਼ਤਾਬ ਸਲੀਮ ਕਸੂਰੀ ਉਹਨਾਂ ਨੂੰ ਏਸ ਕਾਂਮਯਾਬੀ ਤੇ ਬਹੁਤ ਬਹੁਤ ਮੁਬਾਰਕਬਾਦ ਪੇਸ਼ ਕਰਨਾ ਚਾਹੁੰਦਾ ਹਾਂ। ਅਰਦਾਸ ਏ ਪਈ ਰੱਬ ਸੱਚਾ ਆਪ ਜੀ ਦੀ ਕਲਮ ਨੂੰ ਹੋਰ ਚੜ੍ਹਦੀ ਕਲਾ ਚ ਰੱਖਏ।
ਸੋਹਣੇ ਸ਼ਾਇਰ ਸੂਦ ਵਿਰਕ ਵੀਰ ਦੀਆਂ ਰਚਨਾਵਾਂ ਵਿੱਚੋਂ ਕੁਝ ਸ਼ੇਅਰ ਤੁਹਾਡੇ ਸਭ ਪੰਜਾਬੀ ਪਿਆਰਿਆਂ ਦੀ ਸੇਵਾ ਵਿੱਚ ਪੇਸ਼ ਹੈ।

ਰੂਹ ਮੇਰੀ ਦਾ ਤੂੰ ਇੱਕੋ ਇੱਕ ਗਹਿਣਾ
ਵਗੈਰ ਤੇਰੇ ਮੇਰਾ ਵੀ ਨਾ ਰਹਿਣਾ

ਤੂੰ ਤੂੰ ਮੈਂ ਮੈਂ ਵਿੱਚ ਆਪਾਂ ਨਾ ਕਦੇ ਪੈਣਾ
ਇੱਕ ਜਿੰਦ ਇੱਕ ਜਾਨ ਬਣ ਕੇ ਰਹਿਣਾ

ਸਦਕੇ ਜਾਵਾਂ ਮਤਲਬੀ ਯਾਰਾਂ ਦੇ
ਹੁੰਦੇ ਨੇ ਜੋ ਹਲਕੇ ਕਿਰਦਾਰਾਂ ਦੇ

ਕੁਝ ਲੋਕ ਯਾਰੀ ਜਦ ਲਾਉਂਦੇ ਨੇ
ਮਤਲਬ ਕੱਢਣ ਤਾਈਂ ਪਾਉਂਦੇ ਨੇ

ਮੇਰੀ ਦੁਆ ਏ ਕੇ ਰੱਬ ਸੋਹਣਾ ਸੂਦ ਵੀਰ ਜੀ ਨੂੰ ਹੋਰ ਇਜ਼ੱਤਾਂ ਅਤਾ ਕਰੇ ਤੇ ਆਪ ਜੀ ਏਸੇ ਤਰਹਾਂ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਪਿਆਰਿਆ ਦੀ ਸੇਵਾ ਕਰਦੇ ਰਹਿਣ।

ਸ਼ਾਲਾ ਜੁਗ ਜੁਗ ਜੀਵੇ ਸੋਹਣਾ ਤੇ ਪਿਆਰਾ ਮੇਰਾ ਸੂਦ ਵੀਰ।

ਸਲੀਮ ਆਫ਼ਤਾਬ ਸਲੀਮ ਕਸੂਰੀ
ਸਦਰ ਅੰਜੁਮਨ ਸ਼ੇਅਰ ਓ ਅਦਬ ਕਸੂਰ